# ਆਰ.ਐਸ.ਐਸ. ਦੀਆਂ ਨਜ਼ਰਾਂ 'ਚ ਗੁਰ-ਇਤਿਹਾਸ-੧

-ਗੁਰਸਿਖ ਫੀਚਰਜ਼

ਸਿੱਖ ਇਤਿਹਾਸ ਨਾਲ ਹਮੇਸ਼ਾ ਹੀ ਖਿਲਵਾੜ ਕੀਤਾ ਜਾਂਦਾ ਰਿਹਾ ਹੈ। ਸਮੇਂ ਦੀਆਂ ਹਕੂਮਤਾਂ ਨੂੰ ਸੱਚਾਈ ਕੌੜੀ ਲੱਗਦੀ ਹੁੰਦੀ ਹੈ, ਇਸ ਲਈ ਉਸ ਵੱਲੋਂ ਆਪਣੇ ਵਿਰੋਧੀਆਂ ਨੂੰ ਛੁਟਿਆਉਣ ਲਈ ਇਤਿਹਾਸ ਲੇਖਣੀ ਨੂੰ ਵੀ ਇਕ ਹਥਿਆਰ ਵਜੋਂ ਵਰਤਿਆ ਜਾਂਦਾ ਹੈ।

ਸਮੇਂ ਦੀਆਂ ਸਰਕਾਰਾਂ ਤੋਂ ਇਲਾਵਾ ਬਿਪਰਵਾਦ ਨੂੰ ਸ਼ੁਰੂ ਤੋਂ ਹੀ ਸਿੱਖ ਧਰਮ ਦੀ ਅਲੱਗ ਹੋਂਦ ਸਵਿਕਾਰ ਨਹੀਂ। ਹਿੰਦੂਵਾਦੀ ਆਪਣੇ ਆਪ ਨੂੰ ਸਭ ਤੋਂ ਵੱਧ ਸਹਿਨਸ਼ੀਲ ਹੋਣ ਦਾ ਬੇਸ਼ੱਕ ਪ੍ਰਚਾਰ ਕਰਨ ਪਰ ਸਚਾਈ ਇਹ ਹੈ ਕਿ ਇਹ ਕਿਸੇ ਵੀ ਵੱਖਰੇ ਧਰਮ ਦੀ ਹੋਂਦ ਨੂੰ ਭਾਰਤ ਅੰਦਰ ਸਵੀਕਾਰ ਕਰ ਕੇ ਨਾ ਪਿਛਲੇ ਸਮੇਂ ਅੰਦਰ ਅਤੇ ਨਾ ਹੀ ਮੌਜੂਦਾ ਸਮੇਂ ਅੰਦਰ ਰਾਜੀ ਹਨ। ਬੁੱਧ ਧਰਮ, ਜੈਨ ਧਰਮ ਦੀ ਉਦਾਹਰਣ ਸਾਡੇ ਸਾਹਮਣੇ ਹੈ। ਆਪਣੀ ਇਸੇ ਨੀਤੀ ਤਹਿਤ ਹੀ ਬਿਪਰਵਾਦ ਵੱਲੋਂ ਸ਼ੁਰੂ ਤੋਂ ਹੀ ਸਿੱਖ ਇਤਿਹਾਸ ਨੂੰ ਵਿਗਾੜਨ ਦਾ ਸਿਲਸਿਲਾ ਜਾਰੀ ਹੈ।

ਸਿੱਖ ਇਤਿਹਾਸ ਦੀਆਂ ਲਗਭਗ ਸਾਰੀਆਂ ਸਰੋਤ ਪੁਸਤਕਾਂ ਵਿਚ ਰਲੇਵਾਂ ਹੈ। ਇਨ੍ਹਾਂ ਸਰੋਤ ਪੁਸਤਕਾਂ ਨੂੰ ਸਮੁੱਚੇ ਰੂਪ ਵਿਚ ਨਾ ਤਾਂ ਸਵੀਕਾਰ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਰੱਦ ਕੀਤਾ ਜਾ ਸਕਦਾ ਹੈ। ਇਸ ਕੌੜੀ ਸੱਚਾਈ ਨੂੰ ਲਗਭਗ ਸਾਰੇ ਸਿੱਖ ਇਤਿਹਾਸਕਾਰਾਂ ਨੇ ਮੰਨਿਆ ਹੈ। ਇਸ ਦੇ ਉਲਟ ਨੀਮ-ਨਾਸਤਿਕਵਾਦ ਲਹਿਰ ਦੇ ਹਾਮੀ ਕਾਲਾ ਅਫ਼ਗਾਨਾ ਅਤੇ ਉਸ ਦੇ ਸਾਥੀਆਂ ਵੱਲੋਂ ਆਪਣੀਆਂ ਕਰਤੂਤਾਂ ਨੂੰ ਛੁਪਾਉਣ ਖ਼ਾਤਰ ਬੇਸ਼ੱਕ ਮੌਜੂਦਾ ਜਥੇਦਾਰ ਸ੍ਰੀ ਅਕਾਲ ਤਖ਼ਤ ਵੱਲੋਂ ਸੰਪਾਦਿਤ 'ਗੁਰ-ਬਿਲਾਸ ਪਾ: ੬ਵੀਂ' ਨੂੰ ਸਮੁੱਚੇ ਰੂਪ ਵਿਚ ਰੱਦ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਵੇਂ ਕਿ ਇਹ ਪੁਸਤਕ ਪੰਜ ਵੱਖ-ਵੱਖ ਲੇਖਕਾਂ ਵੱਲੋਂ ਵੱਖਰੇ-ਵੱਖਰੇ ਤਰੀਕੇ ਨਾਲ ਸੰਪਾਦਿਤ ਕੀਤੀ ਬਾਜ਼ਾਰ ਵਿਚ ਪਹਿਲਾਂ ਤੋਂ ਹੀ ਵਿਕ ਰਹੀ ਹੈ। ਜਥੇਦਾਰ ਸਾਹਿਬ ਵੱਲੋਂ ਵੀ ਸੰਪਾਦਿਤ ਪੁਸਤਕ ਦੀ ਭੂਮਿਕਾ ਵਿਚ ਵਿਸਥਾਰ ਸਹਿਤ ਇਸ ਕਿਤਾਬ ਵਿਚ ਗੁਰਮਤਿ ਵਿਰੋਧੀ ਰਲੇਵਿਆਂ ਦਾ ਸਪੱਸ਼ਟ ਜ਼ਿਕਰ ਕੀਤਾ ਗਿਆ ਹੈ। ਪਰ ਕਾਲਾ ਅਫ਼ਗਾਨਾ ਅਤੇ ਉਸ ਦੇ ਨੀਮ-ਨਾਸਤਿਕ ਹਮਾਇਤੀਆਂ ਵੱਲੋਂ ਸਿੱਖ ਕੌਮ ਦੇ ਵਿਰੋਧੀਆਂ ਖਿਲਾਫ਼ ਲੜੀ ਜਾਣ ਵਾਲੀ ਲੜਾਈ ਨੂੰ ਬੜੀ ਡੂੰਘੀ ਸਾਜਿਸ਼ ਤਹਿਤ ਮੋੜਾ ਦੇ ਕੇ ਆਪਣਿਆਂ ਵੱਲ ਹੀ ਸੁਧਾਰਵਾਦ ਦੇ ਨਾਂ ਹੇਠ ਸੇਧਤ ਕਰ ਦਿੱਤਾ ਗਿਆ ਹੈ।

ਜਦਕਿ ਅਜੋਕੇ ਸਮੇਂ ਵਿਚ ਜਦੋਂ ਸਿੱਖ ਰਾਜਨੀਤਕ ਧਿਰ ਅਕਾਲੀ ਦਲ ਵੱਲੋਂ ਧਰਮ ਨਾਲੋਂ ਧੜੇ ਨੂੰ ਤਰਜੀਹ ਦੇ ਕੇ ਬਿਪਰਵਾਦੀ ਆਰ.ਐਸ.ਐਸ. ਦੀ ਹਮਾਇਤ ਕੀਤੀ ਜਾ ਰਹੀਹੈ ਤਾਂ ਇਹ ਲੜਾਈ ਹੋਰ ਖ਼ਤਰਨਾਕ ਰੂਪ ਧਾਰ ਕਰ ਜਾਂਦੀ ਹੈ। ਇਕ ਪਾਸੇ ਆਰ.ਐਸ.ਐਸ. ਜਿਥੇ ਸਿੱਖ ਕੌਮ ਦੀ ਅਲੱਗ ਹੋਂਦ ਮੰਨਣ ਤੋਂ ਇਨਕਾਰੀ ਹੈ, ਉਥੇ ਉਸ ਵੱਲੋਂ 'ਹਿੰਦੂ-ਹਿੰਦੀ-ਹਿੰਦੁਸਤਾਨ' ਦੇ ਟੀਚੇ ਦੀ ਪ੍ਰਾਪਤੀ ਲਈ ਆਪਣੇ ਪੰਜ ਹਜ਼ਾਰ ਸਾਲ ਦੇ ਇਤਿਹਾਸ ਨੂੰ ਦੁਬਾਰਾ ਲਿਖਿਆ ਜਾ ਰਿਹਾ ਹੈ। ਇਸੇ ਕੜੀ ਵਿਚ ਸਿੱਖ ਕੌਮ ਨੂੰ ਵੀ ਹਿੰਦੂ ਧਰਮ ਦਾ ਅੰਗ ਸਿੱਧ ਕਰਨ ਲਈ ਉਨ੍ਹਾਂ ਵੱਲੋਂ ਇਤਿਹਾਸ ਲਿਖਣ ਦਾ ਕੰਮ ਜਾਰੀ ਹੈ। ਅੱਜ ਆਪਣੇ-ਆਪ ਨੂੰ ਸਿੱਖ ਕੌਮ ਦੇ ਰੌਸ਼ਨ ਦਿਮਾਗ ਤੇ ਰੌਸ਼ਨ ਜਮੀਰ ਸਮਝਣ ਵਾਲੇ ਵਿਦਵਾਨਾਂ ਵੱਲੋਂ ਵੀ ਆਰ.ਐਸ.ਐਸ. ਵੱਲੋਂ ਲਿਖੇ ਸਿੱਖ ਇਤਿਹਾਸ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਇਸ ਲੇਖ ਲੜੀ ਅੰਦਰ ਆਰ.ਐਸ.ਐਸ. ਵੱਲੋਂ ਵਿਗਾੜੇ ਜਾ ਰਹੇ ਸਿੱਖ ਇਤਿਹਾਸ ਦੀਆਂ ਕੋਸ਼ਿਸ਼ਾਂ ਨੂੰ ਸਿੱਖ ਕੌਮ ਦੇ ਜਾਗਰੂਕ ਪਾਠਕਾਂ ਨਾਲ ਸਾਂਝਾ ਕਰਾਂਗੇ ਤਾਂ ਕਿ ਆਉਣ ਵਾਲੇ ਸਮੇਂ ਦੀਆਂ ਚੁਣੌਤੀਆਂ ਦਾ ਟਾਕਰਾ ਕਰਨ ਲਈ ਕੌਮ ਤਿਆਰ ਹੋ ਸਕੇ

ਆਰ.ਐਸ.ਐਸ. ਵੱਲੋਂ ਗੁਰ-ਇਤਿਹਾਸ ਤੋਂ ਲੈ ਕੇ ੧੯੪੭ ਤਕ ਦੇ ਸਿੱਖ ਇਤਿਹਾਸ ਨੂੰ ਆਪਣੇ ਹਿੰਦੂਵਾਦੀ ਨਜ਼ਰੀਏ ਨਾਲ ਲਿਖਿਆ ਛਾਪਿਆ ਤੇ ਪ੍ਰਚਾਰਿਆ ਜਾ ਰਿਹਾ ਹੈ। ਇਹ ਕੰਮ ਆਰ.ਐਸ.ਐਸ. ਵੱਲੋਂ ਆਪਣੇ 'ਅਖਿਲ ਭਾਰਤੀ ਇਤਿਹਾਸ ਸੰਕਲਨ ਯੋਜਨਾ' ਸੰਨ ੧੯੭੩ ਵਿਚ ਸਥਾਪਿਤ ਕਰਨ ਤੋਂ ਬਾਅਦ ਸ਼ੁਰੂ ਕੀਤਾ ਗਿਆ। ਇਹ ਸਾਹਿਤ ਸਿਰਫ਼ ਹਿੰਦੀ ਵਿਚ ਹੀ ਨਹੀਂ ਸਗੋਂ ਵੱਖ ਵੱਖ ਭਾਰਤੀ ਭਾਸ਼ਾਵਾਂ ਵਿਚ ਛਾਪਿਆ ਗਿਆ।

'ਗੁਰੂ ਨਾਨਕ ਸੇ ਗੁਰੂ ਗੋਬਿੰਦ ਸਿੰਘ ਤਕ' ਹਿੰਦੀ ਵਿਚ ਛਪੀ ਜਿਸ ਕਿਤਾਬ ਦਾ ਜ਼ਿਕਰ ਇਸ ਲੇਖ ਵਿਚ ਕੀਤਾ ਜਾ ਰਿਹਾ ਹੈ, ਇਹ ਪਹਿਲਾ ਮਰਾਠੀ ਭਾਸ਼ਾ ਵਿਚ ਸੰਨ ੧੯੭੬ ਈ: ਵਿਚ ਛਾਪੀ ਗਈ। ਫਿਰ ਇਸ ਦਾ ਹਿੰਦੀ ਅਨੁਵਾਦ ਛਾਪਿਆ ਗਿਆ। ਸਿੱਖ ਕੌਮ ਦੀ ਆਪਣੇ ਇਤਿਹਾਸ ਪ੍ਰਤੀ ਅਣਗਹਿਲੀ ਇਥੋਂ ਹੀ ਸਪੱਸ਼ਟ ਹੋ ਜਾਂਦੀ ਹੈ ਕਿ ਇਸ ਕਿਤਾਬ ਨੂੰ ਉਸ ਵੇਲੇ ਦੇ ਸ੍ਰੀ ਗੁਰੂ ਸਿੰਘ ਸਭਾ ਦਾਦਰ ਦੇ ਪ੍ਰਧਾਨ ਸ. ਰੇਸ਼ਮ ਸਿੰਘ ਨੇ ਜਾਰੀ ਕੀਤਾ ਅਤੇ ਸਿੰਘ ਸਭਾ ਵੱਲੋਂ ਇਸ ਦੀਆਂ ੫੦੦ ਕਾਪੀਆਂ ਖਰੀਦ ਕੇ ਸਹਾਇਤਾ ਕੀਤੀ।

ਜੇ ਕਿਤੇ ਸ. ਰੇਸ਼ਮ ਸਿੰਘ ਨੇ ਜਾਂ ਉਨ੍ਹਾਂ ਦੇ ਕਿਸੇ ਨੇੜਲੇ ਸਾਥੀ ਨੇ ਇਹ ਪੁਸਤਕ ਚੰਗੀ ਤਰ੍ਹਾਂ ਹੁੰਦੀ ਤਾਂ ਸ਼ਾਇਦ ਉਹ ਇਸ ਨੂੰ ਕਦੀ ਜਾਰੀ ਨਾ ਕਰਦੇ। ਜਿਵੇਂ ਪੰਜਾਬੀ ਦੀ ਕਹਾਵਤ ਹੈ ਕਿ 'ਘਰ ਦੇ ਭਾਗ ਬੂਹੇ ਤੋਂ ਹੀ ਪਛਾਣੇ' ਜਾਂਦੇ ਹਨ, ਬਿਲਕੁਲ ਉਸੇ ਤਰ੍ਹਾਂ ਇਸ ਕਿਤਾਬ ਵਿਚ ਲੇਖਕ ਡਾ. ਅਰਵਿੰਦ ਸਦਾਸ਼ਿਵ ਗੋਡਬੋਲੇ ਨੇ ਕੀ ਲਿਖਿਆ ਹੋਵੇਗਾ, ਉਹ 'ਸਮਰਪਣ' ਤੋਂ ਹੀ ਜਾਹਿਰ ਹੈ:

"ਸ੍ਰੀ ਗੁਰੂ ਗੋਬਿੰਦ ਸਿੰਘ ਕੇ ਸਮਾਨਧਰਮੀ ਅਤੇ ਮਰਾਠੀ ਭਾਸ਼ਾ ਵਿਚ ਸਿੱਖ ਇਤਿਹਾਸ ਦੇ ਆਦਿ ਲੇਖਕ ਸਵ: ਵਿਨਾਇਕ ਦਾਮੋਦਰ ਸਾਵਰਕਰ ਦੀ ਯਾਦ ਨੂੰ ਵੰਦਨ ਕਰਦੇ ਹੋਏ ਹਿੰਦੂ ਬਲੀਦਾਨੀਆਂ ਦੇ ਪ੍ਰਤੀਨਿਧੀ ਸ੍ਰੀ ਗੁਰੂ ਗੋਵਿੰਦ ਸਿੰਹ ਜੀ ਕੇ ਛੋਟੇ ਦੋਨੋਂ ਪੁੱਤਰ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਦੀ ਯਾਦ ਨੂੰ ਸਮਰਪਿਤ..।"

ਇਸ ਕਿਤਾਬ ਦਾ ਮੁੱਖ ਬੰਧ ਮੱਧ ਪ੍ਰਦੇਸ਼ ਦੇ ਸਾਬਕਾ ਮੰਤਰੀ ਸ. ਬਲਿਹਾਰ ਸਿੰਘ ਨੇ ਲਿਖਿਆ ਹੈ। ਲੇਖਕ ਡਾ. ਗੋਡਬੋਲੇ ਆਪਣੀਆਂ ਭਾਵਨਾਵਾਂ ਨੂੰ ਭੂਮਿਕਾ ਵਿਚ ਹੋਰ ਸਪੱਸ਼ਟ ਕਰ ਦਿੰਦਾ ਹੈ। ਜਦੋਂ ਉਹ ਮੈਕਲੋਡ ਦੀਆਂ ਲਿਖੀਆਂ ਕਿਤਾਬਾਂ ਨੂੰ ਤਾਂ ਵਿਚਾਰਨ ਦੀ ਗੱਲ ਕਰਦਾ ਹੈ, ਪਰੰਤੂ ਮੈਲਕਮ, ਮੈਕਰਾਗਰ, ਗਾਰਡਨ ਅਤੇ ਮੈਕਾਲਿਫ ਦੀਆਂ ਕਿਤਾਬਾਂ ਨੂੰ ਨਾ ਵਿਚਾਰਨ ਦਾ ਜ਼ਿਕਰ ਕਰਦਾ ਹੈ।

## ਸਿੱਖ ਧਰਮ ਦਾ ਪਿਛੋਕੜ

ਕਿਤਾਬ ਵਿਚ ਮੱਧ-ਕਾਲੀਨ ਭਗਤੀ ਮਾਰਗ ਦੇ ਪਿਛੋਕੜ ਦਾ ਜ਼ਿਕਰ ਕਰਦਿਆਂ ਸਿੱਖ ਗੁਰੂਆਂ ਨੂੰ ਭਗਤੀ ਮਾਰਗ ਦੇ ਮਹਾਂਪੁਰਖਾਂ ਦੇ ਵਿਚਾਰਾਂ ਨੂੰ ਹੀ ਅਗਾਂਹ ਤੋਰਦਿਆਂ ਸਿੱਧ ਕੀਤਾ ਗਿਆ ਹੈ। ਸਾਰੀ ਕਿਤਾਬ ਵਿਚ ਸਿੱਖ ਗੁਰੂਆਂ ਨੂੰ ਛੁਟਿਆਉਣ ਲਈ ਬੜੀ ਚਾਤਰਤਾ ਨਾਲ ਕਦੀ ਕਿਸੇ ਭਗਤ ਦੀ ਬਾਣੀ ਤੋਂ ਅਗਵਾਈ ਲੈਂਦਿਆਂ ਜਾਂ ਇਤਿਹਾਸਕ ਤੌਰ 'ਤੇ ਹਰ ਗ਼ਲਤ ਸਿੱਧ ਹੋ ਚੁੱਕੀ ਘਟਨਾ ਦਾ ਜਾਂ ਸ੍ਰੋਤ ਦਾ ਜਿਕਰ ਕੀਤਾ ਗਿਆ ਹੈ। ਉਦਾਹਰਣ ਦੇ ਤੌਰ 'ਤੇ ਗੁਰੂ ਨਾਨਕ ਦੇਵ ਜੀ ਦੀ ਪ੍ਰਸਿੱਧ ਰਚਨਾ 'ਗਗਨ ਮੈ ਥਾਲ...।' ਦਾ ਮੁਕਾਬਲਾ ਭਗਤ ਨਾਮਦੇਵ ਜੀ ਦੀ ਅੰਗ ੧੨੯੨ 'ਤੇ ਸ਼ਬਦ ਨਾਲ ਕਰਦਿਆਂ ਲਿਖਿਆ ਹੈ ਕਿ "ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨਤਾ ਘੱਟ ਕੀਤੇ ਬਿਨਾਂ ਹੀ ਇਹ ਕਹਿਣਾ ਉਚਿੱਤ ਹੋਵੇਗਾ ਕਿ ਸੰਤ ਨਾਮਦੇਵ ਜੀ ਤੋਂ ਦੋ ਸੌ ਸਾਲ ਪਿੱਛੋਂ ਗੁਰੂ ਨਾਨਕ ਦੇਵ ਜੀ ਨੇ ਜੋ ਉਪਦੇਸ਼ ਦਿੱਤਾ, ਉਸ ਦਾ ਮਹੱਤਵਪੂਰਨ ਅੰਸ਼ ਭਗਤ ਨਾਮਦੇਵ ਜੀ ਦੀਆਂ ਰਚਨਾਵਾਂ ਵਿਚ ਵਿਖਾਈ ਦਿੰਦਾ ਹੈ। ਭਗਤ ਨਾਮਦੇਵ ਜੀ ਨੂੰ ਉਨ੍ਹਾਂ ਦੇ ਕੰਮ ਦਾ ਉਚਿਤ ਮਹੱਤਵ ਉਨ੍ਹਾਂ ਨੂੰ ਨਹੀਂ ਦਿੱਤਾ ਗਿਆ, ਇਹ ਬੜੇ ਦੁੱਖ ਦੀ ਗੱਲ ਹੈ।"

ਵੇਖਿਆ ਬਿਪਰਵਾਦੀ ਕਲਮ ਦੀ ਮਾਰ। ਇਕ ਪਾਸੇ ਤਾਂ ਸਿੱਖ ਧਰਮ ਦੀ ਵੱਖ ਹੋਂਦ ਹੀ ਖ਼ਤਮ ਕਰ ਦਿੱਤੀ ਹੈ ਅਤੇ ਨਾਲ ਸੰਤ ਨਾਮਦੇਵ ਨਾਲ ਹਮਦਰਦੀ ਪ੍ਰਗਟ ਕਰ ਕੇ ਗੁਰੂਆਂ ਤੇ ਭਗਤਾਂ ਵਿਚ ਪਾੜ ਪਾਉਣ ਦਾ ਘਟੀਆ ਯਤਨ ਕੀਤਾ ਹੈ। ਸਿੱਖ ਗੁਰੂਆਂ ਨੇ ਸੰਤਾਂ, ਭਗਤਾਂ, ਭੱਟਾਂ ਦੀ ਬਾਣੀ ਬਿਨਾਂ ਕਿਸੇ ਭੇਦ-ਭਾਵ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਹੈ, ਇਸ ਤੋਂ ਵੱਧ ਮਹੱਤਵ ਹੋਰ ਕੀ ਦਿੱਤਾ ਜਾ ਸਕਦਾ ਸੀ। ਫਿਰ ਇਹ ਦੋਸ਼ ਕੀ ਅਸਿੱਧੇ ਤਰੀਕੇ ਨਾਲ ਗੁਰਬਾਣੀ ਦੀ ਬੀੜ ਤਿਆਰ ਕਰਾਉਣ ਵਾਲੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ 'ਤੇ ਨਹੀਂ ਲਗਾਇਆ ਗਿਆ।

ਇਸ ਤੋਂ ਅੱਗੇ ਫਿਰ ਕਬੀਰ ਜੀ ਅਤੇ ਗੁਰੂ ਨਾਨਕ ਦੇਵ ਜੀ ਵਿਚ ਵਿਚਾਰਾਂ ਦੀ ਸਮਾਨਤਾ ਦੱਸਦਿਆਂ ਦੋਹਾਂ ਨੂੰ ਇਕ ਹੀ ਸੰਤ ਪਰੰਪਰਾ ਦੇ ਲਿਖਿਆ ਗਿਆ ਹੈ। ਗੁਰੂ ਸਾਹਿਬਾਨ ਦੁਆਰਾ ਆਮ-ਲੋਕਾਂ ਦੀ ਭਾਸ਼ਾ ਵਿਚ ਗੁਰਬਾਣੀ ਰਚਨਾ ਨੂੰ ਛੁਟਿਆਉਣ ਲਈ ਵੱਖ ਭਾਸ਼ਾਵਾਂ ਵਿਚ ਕੀਤੇ ਗਏ ਇਕ ਅੱਧੇ ਵਿਅਕਤੀਗਤ ਯਤਨਾਂ ਨਾਲ ਰਲ਼ਾ ਕੇ ਦੱਸਣ ਦਾ ਯਤਨ ਕੀਤਾ ਗਿਆ ਹੈ ਅਤੇ ਆਦਿ ਗ੍ਰੰਥ ਨੂੰ ਸਾਧੂ ਭਾਸ਼ਾ ਵਿਚ ਲਿਖਿਆ ਸਿੱਧ ਕੀਤਾ ਗਿਆ ਹੈ।

## ਜੀਵਨੀ ਗੁਰੂ ਨਾਨਕ ਦੇਵ ਜੀ

ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਬੰਧੀ ਲਿਖਦਿਆਂ ਇਹ ਸਿੱਧ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਉਨ੍ਹਾਂ ਦੇ ਜੀਵਨ ਸੰਬੰਧੀ ਕੁਝ ਵੀ ਨਹੀਂ ਮਿਲਦਾ ਸਿਵਾਏ ਜਨਮ-ਸਾਖੀਆਂ ਦੇ ਜਿਹੜੀਆਂ ਕਿ ਆਪਣੇ ਆਪ ਵਿਚ ਹੀ ਸ਼ੱਕੀ ਹਨ। ਗੁਰੂ ਨਾਨਕ ਸਾਹਿਬ ਦੇ ਵਿਦਿਆ ਪ੍ਰਾਪਤੀ ਬਾਰੇ ਲੇਖਕ ਲਿਖਦਾ ਹੈ, "ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਹੁਤੇ ਸਮੇਂ ਤਕ ਵਿਦਿਆਲੇ ਵਿਚ ਸਿੱਖਿਆ ਪ੍ਰਾਪਤ ਨਹੀਂ ਕੀਤੀ। ਪ੍ਰੰਤੂ ਉਨ੍ਹਾਂ ਦੀਆਂ ਰਚਨਾਵਾਂ ਅਸਿਖਿਅਤ ਅਤੇ ਘੱਟ ਪੜ੍ਹੇ-ਲਿਖੇ ਆਦਮੀ ਦੁਆਰਾ ਲਿਖੀਆਂ ਹੋਈਆਂ ਪ੍ਰਤੀਤ ਨਹੀਂ ਹੁੰਦੀਆਂ।"

ਗੁਰੂ ਸਾਹਿਬ ਦੀਆਂ ਉਦਾਸੀਆਂ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ ਕਿ ਇਹ ਇਕ ਵਿਵਾਦ ਵਾਲਾ ਪ੍ਰਸ਼ਨ ਹੈ ਕਿ ਆਸਾਮ, ਸਿਲੋਨ ਤੇ ਬਗਦਾਦ ਵਿਚ ਗੁਰੂ ਨਾਨਕ ਦੇਵ ਜੀ ਗਏ ਵੀ ਸੀ ਜਾਂ ਨਹੀਂ। ਪੰਜਾ ਸਾਹਿਬ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਉਥੇ ਇਕ ਪੱਥਰ 'ਤੇ ਗੁਰੂ ਨਾਨਕ ਦੇਵ ਜੀ ਦੇ ਹੱਥ ਦੇ ਪੰਜੇ ਦਾ ਨਿਸ਼ਾਨ ਹੈ, ਇਹ ਧਾਰਨਾ ਪ੍ਰੰਪਰਾਗਤ ਰੂਪ ਵਿਚ ਸਿੱਖਾਂ ਵਿਚ ਬਣੀ ਹੋਈ ਹੈ।

ਭਾਈ ਮਰਦਾਨਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ "ਪੁਰਾਣੀ ਜਨਮਸਾਖੀਆਂ ਵਿਚ ਮਰਦਾਨੇ ਦਾ ਜ਼ਿਕਰ ਜਿਆਦਾ ਨਹੀਂ ਮਿਲਦਾ। ਤੁਲਨਾਤਮਕ ਦ੍ਰਿਸ਼ਟੀ ਨਾਲ ਗੁਰੂ ਨਾਨਕ ਦੇਵ ਜੀ ਦੇ ਬਾਅਦ ਦੀਆਂ ਸਾਖੀਆਂ ਵਿਚ ਉਸ ਨੂੰ ਕਿਤੇ ਜਿਆਦਾ ਮਹੱਤਵ ਦਿੱਤਾ ਗਿਆ ਪ੍ਰਤੀਤ ਹੁੰਦਾ ਹੈ। ਇਹ ਸਿੱਧ ਕਰਨ ਲਈ ਕਿ ਮੁਸਲਮਾਨਾਂ ਨੇ ਵੀ ਗੁਰੂ ਨਾਨਕ ਦੇਵ ਜੀ ਨੂੰ ਸਵੀਕਾਰ ਕਰ ਲਿਆ ਹੈ। ਬਾਅਦ ਦੀਆਂ ਜਨਮ-ਸਾਖੀਆਂ ਵਿਚ ਮਰਦਾਨੇ ਦਾ ਮਹੱਤਵ ਬਹੁਤ ਵਧਾਇਆ ਗਿਆ ਹੈ।" ਬਾਬਰ ਦੇ ਹਮਲੇ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ੧੫੦੦ ਈ ਤੋਂ ੧੫੨੦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸੈਦਪੁਰ ਵਿਚ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਤਰਾ ਦਾ ਸਮਾਂ ਵੀ ਸੰਨ ੧੫੦੦ ਤੋਂ ਸੰਨ ੧੫੨੦ ਤਕ ਭਾਵ ੨੦ ਸਾਲਾਂ ਦਾ ਹੈ।

ਮਤਲਬ ਕਿ ਲੇਖਕ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਕੋਈ ਉਦਾਸੀ ਕੀਤੀ ਹੀ ਨਹੀਂ। ਕਰਤਾਰਪੁਰ ਨਿਵਾਸ ਦਾ ਜ਼ਿਕਰ ਕਰਦਿਆਂ ਲੇਖਕ ਲਿਖਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਜਨੇਊ ਪਹਿਨਦੇ ਸੀ ਅਤੇ ਕਰਤਾਰਪੁਰ ਨਿਵਾਸ ਕਾਲ ਵਿਚ ਉਨ੍ਹਾਂ ਨੇ ਆਪਣੇ ਪਹਿਲੇ ਰਚੇ ਪਦਾਂ ਵਿਚ ਸੁਧਾਰ ਕੀਤਾ।

ਕਹਿਣ ਤੋਂ ਭਾਵ ਕਿ ਲੇਖਕ ਅਨੁਸਾਰ ਇਹ ਧੁਰ ਕੀ ਬਾਣੀ ਨਹੀਂ ਸੀ, ਸਗੋਂ ਆਮ ਕਵਿਤਾ ਸੀ ਅਤੇ ਗੁਰੂ ਸਾਹਿਬ ਨੇ ਇਸ ਵਿਚ ਦੁਬਾਰਾ-ਦੁਬਾਰਾ ਸੁਧਾਈ ਕੀਤੀ। ਇਹੀ ਗੱਲ ਪਸ਼ੌਰਾ ਸਿੰਘ ਨੇ ਵੀ ਆਪਣੇ ਥੀਸਿਸ ਵਿਚ ਲਿਖੀ ਸੀ, ਜਿਸ ਲਈ ਉਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਜ਼ਾ ਲਗਾਈ ਗਈ ਸੀ।

ਜਪੁਜੀ ਸਾਹਿਬ ਦਾ ਜ਼ਿਕਰ ਕਰਦਿਆਂ ਲੇਖਕ ਲਿਖਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਿੰਨੇ ਵੀ ਦ੍ਰਿਸ਼ਟਾਂਤ ਅਤੇ ਉਦਾਹਰਣ ਦਿੱਤੇ ਹਨ, ਉਹ ਸਾਰੀਆਂ ਸੰਤ-ਸਾਹਿਤ ਵਿਚੋਂ ਲਈਆਂ ਗਈਆਂ ਹਨ, ਸੂਫੀ ਸਾਹਿਤ ਵਿਚੋਂ ਨਹੀਂ। ਫਿਲਾਸਫੀ ਦੀ ਮੂਲ ਭੂਤ ਸੰਕਲਪਨਾ ਨੂੰ ਪ੍ਰਗਟ ਕਰਨ ਲਈ ਜਿੰਨਾਂ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ, ਉਹ ਹਿੰਦੂ ਹੀ ਹੈ। ਗੁਰਗੱਦੀ ’ਤੇ ਜਿਸ ਵਿਧੀ ਨਾਲ ਭਾਈ ਲਹਿਣਾ ਜੀ ਦੀ ਨਿਯੁਕਤੀ ਹੋਈ, ਉਹ ਹਿੰਦੂ ਵਿਧੀ ਹੀ ਸੀ। ਕਿਸੇ ਪੰਥ ਦੀ ਸਥਾਪਨਾ ਕਰਨ ਦਾ ਉਨ੍ਹਾਂ ਦਾ ਵਿਚਾਰ ਸੀ ਜਾਂ ਨਹੀਂ ਇਹ ਕਹਿਣਾ ਔਖਾ ਹੈ। ਪੰਜਾਬ ਵਿਚ ਜੈਪਾਲ ਅਤੇ ਅਨੰਗਪਾਲ ਦੇ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਜ਼ਿਕਰਯੋਗ ਹਿੰਦੂ ਹੋਏ ਹਨ, ਜਿਨ੍ਹਾਂ ਨੇ ਹਿੰਦੂਆਂ ਦੀ ਤਰ੍ਹਾਂ ਮੁਸਲਮਾਨਾਂ ਨੂੰ ਵੀ, ਪੰਡਤਾਂ ਦੀ ਤਰ੍ਹਾਂ ਕਾਜ਼ੀਆਂ ਨੂੰ ਵੀ ਉਪਦੇਸ਼ ਦੇਣ ਦਾ ਸਾਹਸਪੂਰਨ ਕੰਮ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮੱਧ ਯੁੱਗ ਦੀ ਸਿੱਧ ਪ੍ਰੰਪਰਾ ਦੇ ਹੀ ਸੰਤ ਸਨ।

## ਗੁਰਬਾਣੀ ਸੰਬੰਧੀ

ਜਿਥੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਬੰਧੀ ਜ਼ਿਕਰ ਕਰਦਿਆਂ ਲੇਖਕ ਲਿਖਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਨਿਵਾਸ ਦਰਮਿਆਨ ਆਪਣੇ ਰਚੇ ਪਦਾਂ ਦੀ ਸੁਧਾਈ ਕੀਤੀ। ਉਥੇ ਕਿਤਾਬ ਦੇ ਪੰਜਵੇਂ ਅਧਿਆਏ ‘ੴ ਸਤਿਨਾਮ’ ਵਿਚ ਗੁਰਬਾਣੀ ਨੂੰ ਵੇਦਾਂ ਦਾ ਸਾਰ ਸਿੱਧ ਕਰਨ ਲਈ ਲੇਖਕ ਲਿਖਦਾ ਹੈ:

> “ਹਰ ਵੇਦ ਮੰਤਰ ਦਾ ਆਰੰਭ ਓਮ ਤੋਂ ਹੁੰਦਾ ਹੈ। ਸਿੱਖਾਂ ਦੇ ਮੂਲ-ਮੰਤਰ ਦਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਰੰਭ ਵੀ ਓਮ ਤੋਂ ਹੁੰਦਾ ਹੈ। ਵੇਦ ਐਲਾਨ ਕਰਦੇ ਹਨ ਕਿ ਇਕ ਹੀ ਈਸ਼ਵਰ ਦਾ ਨਾਮ ਲੈਣਾ ਚਾਹੀਦਾ ਹੈ, ਇਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ। ਈਸ਼ਵਰ ਕੇਵਲ ਇਕ ਹੈ, ਇਹ ਮੰਨਦੇ ਹੋਏ ਵੀ ਉਨ੍ਹਾਂ ਨੇ ਦੇਵੀ-ਦੇਵਤਾਵਾਂ ਦੀ ਹੋਂਦ ਰੱਦ ਨਹੀਂ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਇਹ ਮੰਨਦੇ ਹਨ ਕਿ ਯਮਰਾਜ ਦਾ ਚਿਤਰ ਗੁਪਤ ਨਾਮਕ ਕੇਵਲ ਇਕ ਹੀ ਸਹਾਇਕ ਨਹੀਂ, ਬਲਕਿ ਚਿਤਰ ਅਤੇ ਗੁਪਤ ਨਾਮਕ ਦੋ ਸਹਾਇਕ ਹਨ। ਜਪੁਜੀ ਸਾਹਿਬ ਵਿਚ ਸ੍ਰਿਸ਼ਟੀ ਦੀ ਉਤਪਤੀ ਅਤੇ ਨਾਰਦ ਸੁਕਤੀ ਦੀ ਧਾਰਨਾ ਇਕ ਸਮਾਨ ਹੈ। ਕੁਝ ਛੋਟੇ-ਮੋਟੇ ਵਖਰੇਵਿਆਂ ਨੂੰ ਛੱਡ ਦਿੱਤਾ ਜਾਵੇ, ਇਸ ਵਿਸ਼ੇ ਸੰਬੰਧੀ ਸਿੱਖ ਵਿਚਾਰ ਹਿੰਦੂ ਦਰਸ਼ਨ ਦੇ ਅਧੀਨ ਹੀ ਆਉਂਦੇ ਹਨ।”

ਲੇਖਕ ਇਸ ਤੋਂ ਵੀ ਅੱਗੇ ਵਧਦਾ ਗੁਰਬਾਣੀ ਵਿਚੋਂ ਗ਼ਲਤੀ ਕੱਢਣ ਦੀ ਹਿੰਮਤ ਵੀ ਕਰ ਜਾਂਦਾ ਹੈ ਅਤੇ ਲਿਖਦਾ ਹੈ:

> ਪੰਨਾ ੯੦੪ ਤੇ ਗੁਰੂ ਨਾਨਕ ਸਾਹਿਬ ਦੀ ਗੁਰਬਾਣੀ ਵਿਚ- “ਪਾਣੀ ਅਤੇ ਪੱਥਰ ਦੀ ਟਿੱਪਣੀ ਤਰਕ ਸੰਗਤ ਨਹੀਂ ਲੱਗਦੀ ਕਿਉਂਕਿ ਪਾਣੀ ਭੌਤਿਕ ਪਦਾਰਥ ਹੈ ਅਤੇ ਭਵ-ਸਾਗਰ ਅਧਿਆਤਮਕ ਸੰਕਲਪ ਹੈ। ਪਹਿਲੀ ਵਸਤੂ ਜਿਸ ਵਿਚ ਡੁੱਬ ਸਕਦੀ ਹੈ ਉਹ ਦੂਸਰੇ ਵਿਚ ਡੁੱਬੇਗੀ ਹੀ, ਇਹ ਕਹਿਣਾ ਔਖਾ ਹੈ। ਇਹ ਨਹੀਂ ਵੀ ਹੋ ਸਕਦਾ ਹੈ।” ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਹੋਰ ਸਿੱਖ ਗੁਰੂਆਂ ਦਾ ਕੋਈ ਸੁਤੰਤਰ ਜਾਂ ਸਮੇਟਿਕ ਪੁਰਾਨ ਨਹੀਂ ਹੈ, ਉਨ੍ਹਾਂ ਨੇ ਹਿੰਦੂ ਪੁਰਾਨਾਂ ਨੂੰ ਮਾਨਤਾ ਦਿੱਤੀ ਹੈ।

ਅਖੀਰ ’ਤੇ ਦੋਹਾਂ ਅਧਿਆਇਆਂ ਦਾ ਨਿਚੋੜ ਕਰਦਿਆਂ ਲੇਖਕ ਲਿਖਦਾ ਹੈ:

> ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਦੇ ਲਈ ਕੋਈ ਸੁਤੰਤਰ ਰਹਿਤ ਮਰਿਯਾਦਾ ਨਹੀਂ ਬਣਾਈ ਕਿਉਂਕਿ ਉਨ੍ਹਾਂ ਦੇ ਵਿਆਹ ਟੁੱਟਣ ਅਤੇ ਉਤਰਾਧਿਕਾਰ ਸੰਬੰਧੀ ਕੋਈ ਸੁਤੰਤਰ ਵਿਚਾਰ ਨਹੀਂ ਸਨ। ਗੁਰੂ ਨਾਨਕ ਦੇਵ ਜੀ ਨੇ ਪੂਰੀ ਤਰ੍ਹਾਂ ਸੁਤੰਤਰ ਦਰਸ਼ਨ ਨਹੀਂ ਰਚਿਆ ਹੈ। ਜੋ ਕੁਝ ਵੀ ਘੱਟ-ਵੱਧ ਮਤਭੇਦ ਹਨ, ਉਹ ਨਿਰਗੁਣ ਸੰਤ ਪ੍ਰੰਪਰਾ ਵਿਚ ਰਲ਼ਦੇ ਹਨ। ਇਸ ਲਈ ਉਨ੍ਹਾਂ ਨੂੰ ਸੰਤ ਪ੍ਰੰਪਰਾ ਦਾ ਸੰਤ ਕਹਿਣ ਵਿਚ ਕੋਈ ਵੀ ਇਤਰਾਜ਼ਯੋਗ ਜਾਂ ਅਪਮਾਨਯੋਗ ਹੈ, ਇਹ ਮੰਨਣਾ ਬਿਲਕੁਲ ਨਿਰਾਰਥਕ ਹੈ।

ਸਿੱਖ ਗੁਰੂਆਂ ਨੂੰ ਆਮ ਭਗਤਾਂ, ਸੰਤਾਂ ਨਾਲ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਿਵਾ ਜੀ ਮਰਹੱਟਾ ਅਤੇ ਰਾਣਾ ਪ੍ਰਤਾਪ ਨਾਲ ਮਿਲਾਉਣ ਪਿੱਛੇ ਆਰ.ਐਸ.ਐਸ. ਦੀ ਇਹੀ ਸੋਚ ਕੰਮ ਕਰਦੀ ਹੈ। ਇਸੇ ਤਰ੍ਹਾਂ ਦੀਆਂ ਫੋਟੋਆਂ ਵੀ ਛਾਪੀਆਂ ਜਾ ਰਹੀਆਂ ਹਨ। ਜਦੋਂ ਗੁਰੂ ਨਾਨਕ ਦੇਵ ਜੀ ਨੂੰ ਹੀ ਆਮ ਭਗਤਾਂ ਦੇ ਬਰਾਬਰ ਸਿੱਧ ਕਰ ਦਿੱਤਾ ਤਾਂ ਫਿਰ ਅਲੱਗ ਸਿੱਖ ਧਰਮ ਜਾਂ ਇਸ ਦੀ ਹੋਂਦ ਕਿੱਥੇ ਰਹਿ ਜਾਂਦੀ ਹੈ। ਬੀ.ਜੇ.ਪੀ. ਨੇਤਾ ਭਾਵੇਂ ਵੋਟਾਂ ਵੇਲੇ ਸਿੱਖ ਇਕ ਅਲੱਗ ਕੌਮ ਸੰਬੰਧੀ ਬਿਆਨ ਦੇਈ ਜਾਣ ਪਰ ਆਰ.ਐਸ.ਐਸ. ਨੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਤਿਰਲੋਚਨ ਸਿੰਘ ਦੇ ਨਾਲ ਇਕੱਤਰਤਾ ਵਿਚ ਵੀ ਇਹ ਗੱਲ ਨਹੀਂ ਮੰਨੀ ਸੀ। ਆਰ.ਐਸ.ਐਸ. ਤਾਂ ਮੁਸਲਮਾਨਾਂ ਤੇ ਈਸਾਈਆਂ ਨੂੰ ਹਿੰਦੂਕਰਨ ਦੀਆਂ ਸਲਾਹਾਂ ਦਿੰਦੀ ਹੈ, ਉਹ ਅਲੱਗ ਸਿੱਖ ਧਰਮ ਦੀ ਹੋਂਦ ਕਿਵੇਂ ਮੰਨ ਸਕਦੀ ਹੈ।

ਇਸ ਲੇਖ ਲੜੀ ਦੇ ਅਗਲੇ ਭਾਗਾਂ ਵਿਚ ਇਹ ਦੱਸਿਆ ਜਾਵੇਗਾ ਕਿ ਕਿਵੇਂ ਆਰ.ਐਸ.ਐਸ. ਦੀ ਤਰਕ ਵਿਧੀ ਸੁਆਮੀ ਦਿਆਨੰਦ ਤੋਂ ਸ਼ੁਰੂ ਹੋ ਕੇ ਮੈਕੋਲਡ, ਪਸ਼ੌਰਾ ਸਿੰਘ ਅਤੇ ਕਾਲਾ ਅਫ਼ਗਾਨਾ ’ਤੇ ਆ ਕੇ ਮੁਕਦੀ ਹੈ। ਬਾਕੀ ਗੁਰੂ ਸਾਹਿਬਾਨ ਸੰਬੰਧੀ ਆਰ.ਐਸ.ਐਸ. ਦੀਆਂ ਟਿੱਪਣੀਆਂ ਅਗਲੇ ਲੇਖ ਵਿਚ ਦਿੱਤੀਆਂ ਜਾਣਗੀਆਂ।

-ਤਰਦੀਪ ਸਿੰਘ